# ਸਾਹਿਤ ਅਕਾਦਮੀ ਦਾ ਸਭ ਤੋਂ ਵੱਡਾ 6 ਰੋਜ਼ਾ ਸਾਹਿਤ ਉੱਤਸਵ 11 ਮਾਰਚ ਤੋਂ

## ਸਾਹਿਤ ਅਕਾਦਮੀ ਪੁਰਸਕਾਰ 2022 ਵੰਡ ਸਮਾਰੋਹ ਕਮਾਨੀ ਆਡੀਟੋਰੀਅਮ 'ਚ ਹੋਵੇਗਾ ਭੱਲਕੇ

ਨਵੀਂ ਦਿੱਲੀ, 9 ਮਾਰਚ (ਸੁਖਰਾਜ ਸਿੰਘ): ਸਾਹਿਤ ਅਕਾਦਮੀ ਵਲੋਂ ਹਰ ਸਾਲ ਆਯੋਜਿਤ ਕੀਤਾ ਜਾਂਦਾ ਸਾਹਿਤ ਉਤਸਵ ਇਸ ਵਾਰ ਆਪਣੇ ਸਭ ਤੋਂ ਵੱਡੇ ਰੂਪ ਵਿਚ ਦਿੱਲੀ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦੇ ਨਿਵਾਸੀਆਂ ਲਈ ਪ੍ਰਸਤੁਤ ਹੋਵੇਗਾ। ਇਸ 6 ਰੋਜ਼ਾ ਉਤਸਵ ਵਿਚ 400 ਤੋਂ ਵਧੇਰੇ ਰਚਨਾਕਾਰ 40 ਤੋਂ ਵਧੇਰੇ ਪ੍ਰੋਗਰਾਮਾਂ ਵਿਚ ਭਾਗ ਲੈ ਕੇ ਲਗਭਗ 60 ਭਾਸ਼ਾਵਾਂ ਦਾ ਪ੍ਰਤੀਨਿਧ ਕਰਨਗੇ। ਸਾਹਿਤ ਉਤਸਵ ਦੀ ਸ਼ੁਰੂਆਤ ਅਕਾਦਮੀ ਦੀਆਂ ਸਾਲ ਭਰ ਦੀਆਂ ਸਰਗਰਮੀਆਂ ਦੀ ਪ੍ਰਦਰਸ਼ਨੀ ਨਾਲ ਹੋਏਗਾ ਜਿਸ ਦਾ ਉਦਘਾਟਨ ਸਭਿਆਚਾਰ ਰਾਜ ਮੰਤਰੀ ਸ਼੍ਰੀ ਅਰਜਨ ਰਾਮ ਮੇਘਵਾਲ ਕਰਨਗੇ।ਸਾਹਿਤ ਉਤਸਵ ਦਾ ਮੁੱਖ ਆਕਰਸ਼ਣ ਸਾਹਿਤ ਅਕਾਦਮੀ ਪੁਰਸਕਾਰ 2022 ਵੰਡ ਸਮਾਰੋਹ 11 ਮਾਰਚ ਨੂੰ ਸ਼ਾਮ 5:30 ਵੱਜੇ ਕਮਾਨੀ ਆਡੀਟੋਰੀਅਮ ਵਿਚ ਹੋਵੇਗਾ।ਇਸ ਸਮਾਰੋਹ ਦੇ ਮੁਖ ਮਹਿਮਾਨ ਉਘੇ ਅੰਗਰੇਜ਼ੀ ਲੇਖਕ ਅਤੇ ਵਿਦਵਾਨ ਉਪਮਨਯੂ ਚੈਟਰਜੀ ਹੋਣਗੇ।ਮਹੱਤਵਪੂਰਣ ਸਮਵਸਤਰ ਭਾਸ਼ਣ, ਭਾਰਤ ਦੇ ਸਾਬਕਾ ਚੀਫ ਜਸਟਿਸ ਦੀਪਕ ਮਿਸ਼ਰਾ ਵਲੋਂ ਦਿੱਤਾ ਜਾਵੇਗਾ।ਹੋਰ ਪ੍ਰੋਗਰਾਮਾਂ ਵਿਚ 7 ਲੇਖਕ ਸੰਮੇਲਨ, 15 ਰਚਨਾ-ਪਾਠ ਪ੍ਰੋਗਰਾਮ, 13 ਵਿਚਾਰ ਚਰਚਾ ਪ੍ਰੋਗਰਾਮਾਂ ਤੋਂ ਇਲਾਵਾ ਨਾਰੀ ਚੇਤਨਾ, ਅਸਮਿਤਾ, ਕਥਾ-ਸੰਧੀ, ਲੇਖਕ ਨਾਲ ਮੁਲਾਕਾਤ ਅਤੇ ਵਿਅਕਤੀ ਤੇ ਰਚਨਾ ਵਰਗੇ ਨਵੇਂ ਪ੍ਰੋਗਰਾਮ ਜੋੜੇ ਗਏ ਹਨ। ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮਾਂ ਦੇ ਨਾਲ-ਨਾਲ ਸਭਿਆਚਾਰਕ ਸਰਗਰਮੀਆਂ ਵੀ ਉਤਸਵ ਦਾ ਵਿਸ਼ੇਸ਼ ਆਕਰਸ਼ਣ ਹੋਣਗੀਆਂ।